# ਕਾਰਡ ਦੀ ਬਹੁਤ ਜ਼ਿਆਦਾ ਬਦਲੀ ਦੀ ਚਿਤਾਵਨੀ ਬਾਰੇ ਚਿੱਠੀ

ਮਿਤੀ ________________

ਗਾਹਕ (ਪਰਿਵਾਰ ਦੇ ਮੁਖੀ) ਦਾ ਨਾਮ

ਪਤਾ

ਸ਼ਹਿਰ, ਰਾਜ ਅਤੇ ਜ਼ਿਪ

ਪਰਿਵਾਰ ਦਾ ਨੰਬਰ/ਕਾਉਂਟੀ ਕੇਸ ਨੰਬਰ

ਪਿਆਰੇ __________________________

ਸਾਡੇ ਕੰਪਿਊਟਰ ਰਿਕਾਰਡ ਦਿਖਾਉਂਦੇ ਹਨ ਕਿ ਤੁਸੀਂ ਪਿਛਲੇ 12 ਮਹੀਨਿਆਂ ਦੇ ਅੰਦਰ ਆਪਣੇ ਚਾਰ ਜਾਂ ਵੱਧ ਨਵੇਂ ਇਲੈਕਟ੍ਰੋਨਿਕ ਬੈਨਿਫਿਟ ਟ੍ਰਾਂਸਫਰ (EBT) ਕਾਰਡ ਵਰਤੇ ਹਨ। ਇਹ ਦਿਖਾਉਂਦਾ ਹੈ ਕਿ ਤੁਹਾਨੂੰ ਸ਼ਾਇਦ ਆਪਣੇ EBT ਕਾਰਡ ਦੇ ਨਾਲ ਸਮੱਸਿਆ ਹੋ ਰਹੀ ਹੋਵੇਗੀ ਅਤੇ/ਜਾਂ ਸੰਭਾਵੀ ਤੌਰ 'ਤੇ ਤੁਹਾਡੇ CalFresh ਬੈਨਿਫਿਟਾਂ ਦੀ ਦੁਰਵਰਤੋਂ ਹੋਈ ਹੈ। ਜਦ ਤਕ ਤੁਹਾਨੂੰ ਤੁਹਾਡੇ ਭੋਜਨ ਦੇ ਬੈਨਿਫਿਟ ਮਿਲਦੇ ਹਨ ਤੁਸੀਂ ਹਰ ਮਹੀਨੇ ਉਸੇ EBT ਕਾਰਡ ਨੂੰ ਵਰਤ ਸਕਦੇ ਹੋ। ਜੇ ਤੁਹਾਨੂੰ ਆਪਣੇ EBT ਕਾਰਡ ਦੇ ਨਾਲ ਸਮੱਸਿਆਵਾਂ ਆ ਰਹੀਆਂ ਹਨ, ਤਾਂ ਕਿਰਪਾ ਕਰਕੇ ਟੋਲ-ਫ੍ਰੀ EBT ਕਸਟਮਰ ਸਰਵਿਸ ਹੈਲਪਲਾਈਨ ਨੂੰ 877-328-9677 'ਤੇ ਕਾਲ ਕਰੋ ਜਾਂ ਇਹ ਸਿੱਖਣ ਲਈ ਕਿ ਆਪਣੇ ਕਾਰਡ ਨੂੰ ਕਿਵੇਂ ਵਰਤਣਾ ਹੈ ਆਪਣੇ ਕਾਉਂਟੀ ਵਰਕਰ ਨਾਲ ਸੰਪਰਕ ਕਰੋ।

ਅੱਗੇ ਲਿਖੇ ਕੰਮ ਕਰਨਾ ਜਾਂ ਕਰਨ ਦੀ ਕੋਸ਼ਿਸ਼ ਕਰਨੀ ਕਨੂੰਨ ਦੇ ਵਿਰੁੱਧ ਹੈ: EBT ਕਾਰਡਾਂ ਜਾਂ CalFresh ਬੈਨਿਫਿਟਾਂ ਨੂੰ ਖਰੀਦਣਾ, ਵੇਚਣਾ, ਚੋਰੀ ਕਰਨਾ ਜਾਂ ਇਹਨਾਂ ਦਾ ਵਪਾਰ ਕਰਨਾ। ਸਾਰੀਆਂ EBT ਵਿਕਰੀਆਂ ਅਤੇ ਕਾਰਡ ਬਦਲੀਆਂ ਦੀ ਕੰਪਿਊਟਰ ਦੁਆਰਾ ਨਿਗਰਾਨੀ ਕੀਤੀ ਜਾਂਦੀ ਹੈ। ਅਸੀਂ ਇਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਰਦੇ ਹਾਂ ਕਿ ਕਾਰਡਾਂ ਨੂੰ ਸਹੀ ਤਰੀਕੇ ਨਾਲ ਵਰਤਿਆ ਜਾਵੇ ਅਤੇ CalFresh ਪ੍ਰੋਗਰਾਮ ਦੀ ਦੁਰਵਰਤੋਂ ਤੋਂ ਰੱਖਿਆ ਕੀਤੀ ਜਾਵੇ। ਉਹਨਾਂ ਕੰਪਿਊਟਰ ਰਿਕਾਰਡਾਂ ਦੇ ਅਧਾਰ 'ਤੇ, ਅਸੀਂ ਤੁਹਾਡੇ EBT ਕਾਰਡ ਦੀ ਦੁਰਵਰਤੋਂ ਦੀ ਜਾਂਚ-ਪੜਤਾਲ ਕਰ ਸਕਦੇ ਹਾਂ। ਜੇ ਤੁਹਾਨੂੰ ਤੁਹਾਡੇ EBT ਕਾਰਡ ਦੀ ਦੁਰਵਰਤੋਂ ਲਈ ਜ਼ਿੰਮੇਵਾਰ ਪਾਇਆ ਜਾਂਦਾ ਹੈ, ਤਾਂ ਤੁਹਾਡੇ ਬੈਨਿਫਿਟ ਰੋਕੇ ਜਾ ਸਕਦੇ ਹਨ, ਤੁਹਾਨੂੰ ਬੈਨਿਫਿਟਾਂ ਦਾ ਵਾਪਸੀ ਭੁਗਤਾਨ ਕਰਨਾ ਪੈ ਸਕਦਾ ਹੈ, ਤੁਹਾਡੇ 'ਤੇ ਜੁਰਮਾਨਾ ਲਗਾਇਆ ਜਾ ਸਕਦਾ ਹੈ, ਜਾਂ ਜੇਲ੍ਹ ਜਾਂ ਕੈਦ ਵਿੱਚ ਭੇਜਿਆ ਜਾ ਸਕਦਾ ਹੈ।

ਆਪਣੇ CalFresh ਬੈਨਿਫਿਟ ਰੱਖਣ ਲਈ, ਤੁਹਾਨੂੰ ਯਾਦ ਦਿਲਾਇਆ ਜਾਂਦਾ ਹੈ ਕਿ ਉਹਨਾਂ ਨੂੰ ਸਿਰਫ ਉਹ ਭੋਜਨ ਜੋ ਤੁਸੀਂ ਅਤੇ ਤੁਹਾਡਾ ਪਰਿਵਾਰ ਖਾਂਦੇ ਹੋ, ਜਾਂ ਤੁਹਾਡੇ ਪਰਿਵਾਰ ਦਾ ਭੋਜਨ ਉਗਾਉਣ ਲਈ ਬੀਜ ਖਰੀਦਣ ਲਈ ਵਰਤਿਆ ਜਾ ਸਕਦਾ ਹੈ। ਤੁਸੀਂ ਆਪਣੇ EBT ਕਾਰਡ ਨੂੰ ਇਹਨਾਂ ਉਦੇਸ਼ਾਂ ਲਈ ਵਰਤਣਾ ਜਾਰੀ ਰੱਖ ਸਕਦੇ ਹੋ। ਇਹ ਚਿੱਠੀ ਤੁਹਾਡੇ CalFresh ਬੈਨਿਫਿਟਾਂ ਨੂੰ ਬਦਲਦੀ ਨਹੀਂ ਹੈ, ਪਰ ਕਾਉਂਟੀ ਇਸ ਚਿੱਠੀ ਦੀ ਇੱਕ ਕਾਪੀ ਤੁਹਾਡੀ ਕੇਸ ਫ਼ਾਈਲ ਵਿੱਚ ਲਗਾਏਗੀ।

ਹੁਣ ਤੁਹਾਨੂੰ ਕੁਝ ਕਰਨ ਦੀ ਲੋੜ ਨਹੀਂ ਹੈ ਸਿਵਾਏ ਇਹ ਯਕੀਨੀ ਬਣਾਉਣ ਦੇ ਕਿ ਤੁਸੀਂ ਆਪਣੇ ਬੈਨਿਫਿਟਾਂ ਦੀ ਸਹੀ ਤਰ੍ਹਾਂ ਨਾਲ ਵਰਤੋਂ ਕਰਦੇ ਹੋ। ਜੇ ਇਸ ਚਿੱਠੀ ਬਾਰੇ ਤੁਹਾਡੇ ਕੋਈ ਪ੍ਰਸ਼ਨ ਹੋਣ, ਤਾਂ ਕਿਰਪਾ ਕਰਕੇ ______________________________ ਨਾਲ ਸੰਪਰਕ ਕਰੋ।
(ਕਾਉਂਟੀ ਸੰਪਰਕ ਦਾ ਟੈਲੀਫ਼ੋਨ ਨੰਬਰ)